ਕਿ ਇਹ ਕੰਮ ਹਲਕੇ ਦੇ ਲੋਕਾਂ ਦੇ ਸਹਿਯੋਗ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਪ੍ਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਸੰਤ ਬਾਬਾ ਨਿਰਮਲ ਦਾਸ ਜੀ ਦੀ ਸਾਲਾਨਾ 54ਵੀਂ ਬਰਸੀ ਮੌਕੇ ਧਾਰਮਿਕ ਸਮਾਗਮ 4 ਜਾਣਗੇ। ਉਪਰੰਤ ਧਾਰਮਿਕ ਸਮਾਗਮ ਵਿਚ ਰਾਗੀ, ਢਾਡੀ ਜਥੇ ਸੰਗਤਾਂ ਨੂੰ ਗੁਰਬਾਣੀ ਨਾਲ ਨਿਹਾਲ ਕਰਨਗੇ।

# ਸਾਨੂੰ ਇਨਸਾਫ ਦਿਵਾਇਆ ਜਾਵੇ-ਭਗਤ ਹਰੀ ਸਿੰਘ ਚੈਰੀਟੇਬਲ ਟਰੱਸਟ ਯੂ ਕੇ

ਲੰਡਨ, 3 ਮਾਰਚ (ਮਨਪ੍ਰੀਤ ਸਿੰਘ ਬੱਧਨੀ ਕਲਾਂ)-ਯੂ. ਕੇ. ਅਤੇ ਭਾਰਤ 'ਚ ਰਜਿਸਟਰਡ ਸਮਾਜ ਸੇਵੀ ਸੰਸਥਾ ਭਗਤ ਹਰੀ ਸਿੰਘ ਚੈਰੀਟੇਬਲ ਟਰੱਸਟ, ਉਂਕਾਰ ਸਿੰਘ ਅਤੇ ਪਰਵਿੰਦਰ ਸਿੰਘ ਨਿੱਝਰ ਨੇ ਪੰਜਾਬ ਸਰਕਾਰ ਨੂੰ ਮੁੜ ਅਪੀਲ ਕੀਤੀ ਹੈ ਕਿ ਉਹਨਾਂ ਨੂੰ ਇਨਸਾਫ ਦਿਵਾਇਆ ਜਾਵੇ। ਉਹਨਾਂ ਕਿਹਾ ਕਿ ਵਿਦੇਸ਼ਾਂ ਵਿਚ ਗਏ ਪੰਜਾਬੀ ਸਖ਼ਤ ਮਿਹਨਤ ਕਰਕੇ ਜੋ ਕਮਾਈ ਕਰਦੇ ਹਨ, ਉਸ ਵਿਚੋਂ ਕੁੱਝ ਪੰਜਾਬ ਨੂੰ ਵਾਪਿਸ ਕਰਨ ਦੀ ਕੋਸ਼ਿਸ਼ ਕਰਦਿਆਂ ਸਕੂਲ, ਹਸਪਤਾਲ ਜਾਂ ਹੋਰ ਲੋਕ ਭਲਾਈ ਕਾਰਜ ਕਰਦੇ ਹਨ। ਲੇਕਨ ਜਦੋਂ ਲੋਕ ਸੇਵਾ ਹੀ ਪ੍ਰਵਾਸੀ ਪੰਜਾਬੀਆਂ ਲਈ ਮੁਸੀਬਤ ਬਣ ਜਾਵੇ ਅਤੇ ਕੋਈ ਉਹਨਾਂ ਦੀ ਪੁਕਾਰ ਨਾ ਸੁਣੇ ਤਾਂ ਪ੍ਰਵਾਸੀ ਕੀ ਕਰਨ। ਉਂਕਾਰ ਸਿੰਘ ਅਤੇ ਪਰਵਿੰਦਰ ਸਿੰਘ ਨਿੱਝਰ ਨੇ ਇਸ ਬਾਬਤ ਪੰਜਾਬ ਦੇ ਐਨ. ਆਰ. ਆਈ. ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਵੀ ਮਦਦ ਦੀ ਗੁਹਾਰ ਲਾਈ ਹੈ। ਉਨ੍ਹਾਂ ਕਿਹਾ ਕਿ ਸਾਲ 2020-21 'ਚ ਤਿੰਨ ਵੱਖ-ਵੱਖ ਪ੍ਰਜੈਕਟਾਂ ਲਈ ਹੁਸ਼ਿਆਰਪੁਰ ਵਾਸੀ ਨਈਅਰ ਮੈਡੀਸਨ ਟਰੇਡਰਜ਼, ਸਤਬੀਰ ਸਿੰਘ ਨਈਅਰ ਅਤੇ ਦੀਪਿੰਦਰ ਸਿੰਘ ਨਈਅਰ ਨਾਲ ਇਕ ਫਲੈਟ ਬਣਾਉਣ, ਟਿਊਬਵੈੱਲ ਅਤੇ ਸਕੂਲ ਇਮਾਰਤ ਦੀ ਮੁਰੰਮਤ, ਹਸਪਤਾਲ ਦੇ ਸਾਹਮਣੇ ਦੀ ਇਕ ਜ਼ਮੀਨ ਲੈਣ ਦੇ ਕੰਮ ਸੌਂਪੇ ਗਏ ਸਨ। ਜਿਨ੍ਹਾਂ ਨੂੰ ਪੂਰਾ ਨਹੀਂ ਕੀਤਾ ਗਿਆ। ਪਰਵਿੰਦਰ ਸਿੰਘ ਨਿੱਝਰ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਅਤੇ ਟਰੱਸਟੀਆਂ ਨੂੰ ਝੂਠੇ ਕੇਸਾਂ 'ਚ ਫਸਾਉਣ ਦੀ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ।




ਭਗਤ ਹਰੀ ਸਿੰਘ ਚੈਰੀਟੇਬਲ ਟਰੱਸਟ ਹਸਪਤਾਲ


ਟਰੱਸਟੀਆਂ ਨੇ ਇਨ੍ਹਾਂ ਸਾਰੇ ਮਾਮਲਿਆਂ 'ਚ 80 ਲੱਖ ਰੁਪਏ ਦੀ ਰਾਸ਼ੀ ਵਾਪਸ ਦਿਵਾਉਣ ਦੀ ਅਪੀਲ ਕਰਦਿਆਂ ਉਨ੍ਹਾਂ ਖਿਲਾਫ ਕੀਤੇ ਗਏ ਝੂਠੇ ਕੇਸਾਂ ਨੂੰ ਵਾਪਸ ਲੈਣ ਲਈ ਮਦਦ ਕਰਨ ਦੀ ਅਪੀਲ ਕੀਤੀ ਹੈ। ਪਰਵਿੰਦਰ ਸਿੰਘ ਨਿੱਝਰ ਨੇ ਕਿਹਾ ਕਿ ਪੰਜਾਬ ਸਾਡੀ ਧਰਤੀ ਹੈ ਪਰ ਸਾਨੂੰ ਇੱਥੇ ਆਉਣ ਤੋਂ ਰੋਕਣ ਦੀ ਕੋਸ਼ਿਸ਼ ਹੋ ਰਹੀ ਹੈ। ਉਹਨਾਂ ਵਲੋਂ ਇਹ ਪੱਤਰ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ, ਵਿਦੇਸ਼ ਵਿਭਾਗ ਸਮੇਤ ਪੰਜਾਬ ਦੇ ਸਬੰਧਿਤ ਅਦਾਰਿਆਂ ਨੂੰ ਬੀਤੇ ਦਿਨੀ ਭੇਜਿਆ ਗਿਆ ਸੀ। ਹੰਸਲੋ ਦੇ ਸਾਬਕਾ ਮੇਅਰ ਦਰਸ਼ਨ ਸਿੰਘ ਗਰੇਵਾਲ ਨੇ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਦੇ ਇਨ੍ਹਾਂ ਮਾਮਲਿਆਂ ਨੂੰ ਨਜਿੱਠਣ ਲਈ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਤੱਕ ਪਹੁੰਚ ਕੀਤੀ ਜਾ ਰਹੀ ਹੈ।



...ਦੀਪਕ ਬਹਿਲ ਅਤੇ ਹੋਰ ਸਭਾ ਦੇ ਮੈਂਬਰ ਅਤੇ ...ਮਾਰੋਹ ਵਿਚ ਹਿੱਸਾ ਲੈਂਦੇ ਹੋਏ। ਅਜੀਤ ਤਸਵੀਰ

## ...ਲੋਕਾਂ ਦੀਆਂ 404 ...ਤਾ ਨਿਪਟਾਰਾ-ਲਾਂਬਾ

...ਤ ਦਰਖਾਸਤਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ ...ਗਿਆ। ਉਨ੍ਹਾਂ ਦੱਸਿਆ ਕਿ ਕੈਂਪਾਂ ਨਾਲ ...ਲੋਕਾਂ ਨੂੰ ਦੂਰ-ਦੁਰਾਡੇ ਹੈਡਕੁਆਰਟਰਾਂ 'ਤੇ ...ਜਾਣ ਦੀ ਬਜਾਏ ਆਪਣੇ ਘਰ ਨੇੜਲੇ ਥਾਣਿਆਂ 'ਚ ਸ਼ਿਕਾਇਤਾਂ ਦੇ ਨਿਪਟਾਰੇ ਸਹੂਲਤ ਮਿਲਣ ਨਾਲ ਉਨ੍ਹਾਂ ਨੂੰ ਬਹੁਤ ਵੱਡੀ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਭਵਿੱਖ 'ਚ ਵੀ ਹਰੇਕ ਹਫ਼ਤੇ ਅਜਿਹੇ ਰਾਹਤ ਕੈਂਪ ਲਗਾ ਕੇ ਲੋਕਾਂ ਨੂੰ ਸਹੂਲਤ ਦਿੱਤੀ ਜਾਂਦੀ




## ਸਵ: ਬੱਗਾ ਸਿੰਘ ਢਿੱਲੋਂ ਬਰਗਾੜੀ ਦੇ 5 ਮਾਰਚ ਨੂੰ ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼ ਸਪਲੀਮੈਂਟ

### ਬੱਗਾ ਸਿੰਘ ਢਿੱਲੋਂ ਬਰਗਾੜੀ ਨਮਿਤ ਭੋਗ ਕੱਲ੍ਹ

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਵੱਡੇ ਭਰਾ ਗੁਰਚੇਤ ਸਿੰਘ ਢਿੱਲੋਂ ਅਤੇ ਗੁਰਮੀਤ ਸਿੰਘ ਢਿੱਲੋਂ ਦੇ ਸਤਿਕਾਰਯੋਗ ਪਿਤਾ ਸ. ਬੱਗਾ ਸਿੰਘ ਢਿੱਲੋਂ ਟਕਸਾਲੀ ਅਕਾਲੀ ਆਗੂ ਨਮਿਤ ਪਾਠ ਦਾ ਭੋਗ ਗੁਰਦੁਆਰਾ ਸਾਹਿਬ ਬਰਗਾੜੀ ਵਿਖੇ 5 ਮਾਰਚ, 2024 ਦਿਨ ਮੰਗਲਵਾਰ ਨੂੰ ਦੁਪਹਿਰ 12 ਤੋਂ 1 ਵਜੇ ਤੱਕ ਪਵੇਗਾ। ਆਪ ਸਭ ਨੂੰ ਇਸ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਵਿਚ ਪਹੁੰਚਣ ਲਈ ਸਨਿਮਰ ਬੇਨਤੀ ਕੀਤੀ ਜਾਂਦੀ ਹੈ।

ਦੁਖੀ ਹਿਰਦੇ

**ਅਸ਼ੋਕ ਬਰਗਾੜੀ**

(ਦਸਮੇਸ਼ ਆਦਰਸ਼ ਸਕੂਲ ਬਰਗਾੜੀ)

| | |
|---|---|
| ਦਵਿੰਦਰ ਅਰਸ਼ੀ | ਅਸ਼ੋਕ ਕੌਸ਼ਿਕ ਕੋਟਕਪੂਰਾ |
| ਡਾ. ਪਰਦੀਪ ਸ਼ਰਮਾ | ਵਿਜੇ ਬਰਗਾੜੀ |
| ਜਸਵਿੰਦਰ ਸਿੰਘ ਆਸਟ੍ਰੇਲੀਆ | (ਸਿਆਸਤ ਪ੍ਰਿੰਸੀਪਲ) |



ਸਵ: ਬੱਗਾ ਸਿੰਘ ਢਿੱਲੋਂ



ਸੰਪਾਦਕ-ਰਾਜਿੰਦਰ ਸਿੰਘ। ਪ੍ਰਕਾਸ਼ ਕੌਰ ਹਮਦਰਦ, ਪ੍ਰਿੰਟਰ, ਪਬਲਿਸ਼ਰ ਤੇ ਸੈਕਟਰੀ ਟਰੱਸਟ ਨੇ ਸਾਧੂ ਸਿੰਘ ਹਮਦਰਦ ਟਰੱਸਟ ਲਈ ਡੇਲੀ ਅਜੀਤ ਪ੍ਰਿੰਟਰਜ਼, ਲਿੱਧੜਾਂ, ਜਲੰਧਰ ਤੋਂ ਛਪਵਾ ਕੇ ਨਹਿਰੂ ਗਾਰਡਨ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਆਰ. ਐਨ. ਆਈ. ਰਜਿਸਟ੍ਰੇਸ਼ਨ ਨੰ: 7107/59

Editor- Rajinder Singh. Printer, Publisher and Secretary Parkash Kaur Hamdard, Printed for Sadhu Singh Hamdard Trust ... Lidhran, Jalandh...

# ਸਾਨੂੰ ਇਨਸਾਫ ਦਿਵਾਇਆ ਜਾਵੇ-ਭਗਤ ਹਰੀ ਸਿੰਘ ਚੈਰੀਟੇਬਲ ਟਰੱਸਟ ਯੂ ਕੇ

ਲੰਡਨ, 3 ਮਾਰਚ (ਮਨਪ੍ਰੀਤ ਸਿੰਘ ਬੱਧਨੀ ਕਲਾਂ)-ਯੂ. ਕੇ. ਅਤੇ ਭਾਰਤ 'ਚ ਰਜਿਸਟਰਡ ਸਮਾਜ ਸੇਵੀ ਸੰਸਥਾ ਭਗਤ ਹਰੀ ਸਿੰਘ ਚੈਰੀਟੇਬਲ ਟਰੱਸਟ, ਉਂਕਾਰ ਸਿੰਘ ਅਤੇ ਪਰਵਿੰਦਰ ਸਿੰਘ ਨਿੱਝਰ ਨੇ ਪੰਜਾਬ ਸਰਕਾਰ ਨੂੰ ਮੁੜ ਅਪੀਲ ਕੀਤੀ ਹੈ ਕਿ ਉਹਨਾਂ ਨੂੰ ਇਨਸਾਫ ਦਿਵਾਇਆ ਜਾਵੇ। ਉਹਨਾਂ ਕਿਹਾ ਕਿ ਵਿਦੇਸ਼ਾਂ ਵਿਚ ਗਏ ਪੰਜਾਬੀ ਸਖ਼ਤ ਮਿਹਨਤ ਕਰਕੇ ਜੋ ਕਮਾਈ ਕਰਦੇ ਹਨ, ਉਸ ਵਿਚੋਂ ਕੁੱਝ ਪੰਜਾਬ ਨੂੰ ਵਾਪਿਸ ਕਰਨ ਦੀ ਕੋਸ਼ਿਸ਼ ਕਰਦਿਆਂ ਸਕੂਲ, ਹਸਪਤਾਲ ਜਾਂ ਹੋਰ ਲੋਕ ਭਲਾਈ ਕਾਰਜ ਕਰਦੇ ਹਨ । ਲੇਕਨ ਜਦੋਂ ਲੋਕ ਸੇਵਾ ਹੀ ਪ੍ਰਵਾਸੀ ਪੰਜਾਬੀਆਂ ਲਈ ਮੁਸੀਬਤ ਬਣ ਜਾਵੇ ਅਤੇ ਕੋਈ ਉਹਨਾਂ ਦੀ ਪੁਕਾਰ ਨਾ ਸੁਣੇ ਤਾਂ ਪ੍ਰਵਾਸੀ ਕੀ ਕਰਨ। ਉਂਕਾਰ ਸਿੰਘ ਅਤੇ ਪਰਵਿੰਦਰ ਸਿੰਘ ਨਿੱਝਰ ਨੇ ਇਸ ਬਾਬਤ ਪੰਜਾਬ ਦੇ ਐਨ. ਆਰ. ਆਈ. ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਵੀ ਮਦਦ ਦੀ ਗੁਹਾਰ ਲਾਈ ਹੈ । ਉਨ੍ਹਾਂ ਕਿਹਾ ਕਿ ਸਾਲ 2020-21 'ਚ ਤਿੰਨ ਵੱਖ-ਵੱਖ ਪ੍ਰਜੈਕਟਾਂ ਲਈ ਹੁਸ਼ਿਆਰਪੁਰ ਵਾਸੀ ਨਈਯਰ ਮੈਡੀਸਨ ਟਰੇਡਰਜ਼, ਸਤਬੀਰ ਸਿੰਘ ਨਈਯਰ ਅਤੇ ਦੀਪਿੰਦਰ ਸਿੰਘ ਨਈਯਰ ਨਾਲ ਇਕ ਫਲੈਟ ਬਣਾਉਣ, ਟਿਊਬਵੈਲ ਅਤੇ ਸਕੂਲ ਇਮਾਰਤ ਦੀ ਮੁਰੰਮਤ, ਹਸਪਤਾਲ ਦੇ ਸਾਹਮਣੇ ਦੀ ਇਕ ਜ਼ਮੀਨ ਲੈਣ ਦੇ ਕੰਮ ਸੌਂਪੇ ਗਏ ਸਨ । ਜਿਨ੍ਹਾਂ ਨੂੰ ਪੂਰਾ ਨਹੀਂ ਕੀਤਾ ਗਿਆ । ਪਰਵਿੰਦਰ ਸਿੰਘ ਨਿੱਝਰ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਅਤੇ ਟਰੱਸਟੀਆਂ ਨੂੰ ਝੂਠੇ ਕੇਸਾਂ 'ਚ ਫਸਾਉਣ ਦੀ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ ।




**ਭਗਤ ਹਰੀ ਸਿੰਘ ਚੈਰੀਟੇਬਲ ਟਰੱਸਟ ਹਸਪਤਾਲ**

ਟਰੱਸਟੀਆਂ ਨੇ ਇਨ੍ਹਾਂ ਸਾਰੇ ਮਾਮਲਿਆਂ 'ਚ 80 ਲੱਖ ਰੁਪਏ ਦੀ ਰਾਸ਼ੀ ਵਾਪਸ ਦਿਵਾਉਣ ਦੀ ਅਪੀਲ ਕਰਦਿਆਂ ਉਨ੍ਹਾਂ ਖਿਲਾਫ ਕੀਤੇ ਗਏ ਝੂਠੇ ਕੇਸਾਂ ਨੂੰ ਵਾਪਸ ਲੈਣ ਲਈ ਮਦਦ ਕਰਨ ਦੀ ਅਪੀਲ ਕੀਤੀ ਹੈ। ਪਰਵਿੰਦਰ ਸਿੰਘ ਨਿੱਝਰ ਨੇ ਕਿਹਾ ਕਿ ਪੰਜਾਬ ਸਾਡੀ ਧਰਤੀ ਹੈ ਪਰ ਸਾਨੂੰ ਇੱਥੇ ਆਉਣ ਤੋਂ ਰੋਕਣ ਦੀ ਕੋਸ਼ਿਸ਼ ਹੋ ਰਹੀ ਹੈ। ਉਹਨਾਂ ਵਲੋਂ ਇਹ ਪੱਤਰ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ, ਵਿਦੇਸ਼ ਵਿਭਾਗ ਸਮੇਤ ਪੰਜਾਬ ਦੇ ਸਬੰਧਿਤ ਅਦਾਰਿਆਂ ਨੂੰ ਬੀਤੇ ਦਿਨੀ ਭੇਜਿਆ ਗਿਆ ਸੀ। ਹੰਸਲੋ ਦੇ ਸਾਬਕਾ ਮੇਅਰ ਦਰਸ਼ਨ ਸਿੰਘ ਗਰੇਵਾਲ ਨੇ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਦੇ ਇਨ੍ਹਾਂ ਮਾਮਲਿਆਂ ਨੂੰ ਨਜਿੱਠਣ ਲਈ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਤੱਕ ਪਹੁੰਚ ਕੀਤੀ ਜਾ ਰਹੀ ਹੈ ।



ਅਜੀਤ ®©
04-Mar-2024
Page: 6
http://epaper.ajitjalandhar.com/edition/20240304/3/6.cms